**ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ**
(ਕੰਪਲੈਕਸ ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਫੇਜ਼-8, ਈ-ਬਲਾਕ, ਐਸ.ਏ.ਐਸ ਨਗਰ)
**ਅਮਲਾ-2 ਸ਼ਾਖਾ**
email id- adsadpi@punjabeducation.gov.in

ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), (ਈ-ਮੇਲ ਰਾਹੀਂ)
ਪੰਜਾਬ।
ਮੀਮੋ ਨੰਬਰ: 757059-ਅਮਲਾ 2 (ਈ 3)/2025232914
ਮਿਤੀ: ਐਸ ਏ ਐਸ ਨਗਰ: 12-08-2025

ਵਿਸ਼ਾ:- ਸਿਵਲ ਰਿੱਟ ਪਟੀਸ਼ਨ ਨੰਬਰ 5417 ਆਫ 2020 ਵਿੱਚ ਵਿਭਾਗ ਵੱਲੋਂ ਜਾਰੀ ਕੀਤੇ ਗਏ ਹੁਕਮ ਅਨੁਸਾਰ 5178 ਭਰਤੀ ਦੇ ਕਰਮਚਾਰੀਆ ਦੀ ਪਰਖ ਕਾਲ ਸਮੇਂ ਦੋਰਾਨ ਪੂਰੀ ਤਨਖਾਹ ਦੇਣ ਸਬੰਧੀ ਏਰੀਅਰਜ਼/ਪੇ-ਫਿਕਸੇਸਨ ਦੀ ਰਾਸ਼ੀ ਵੈਟ ਕਰਵਾਉਣ ਸਬੰਧੀ।

ਹਵਾਲਾ:- ਸਿੱਖਿਆ ਵਿਭਾਗ (ਸਿ-5 ਸਾਖਾ) ਦੇ ਹੁਕਮ ਨੰਬਰ SED-EDU5020/59/2025-4EDU5/11650631 FWSH 25-07-2025 ਦੇ ਸਬੰਧ ਵਿੱਚ।

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਵਿਭਾਗ ਵੱਲੋਂ 5178 ਭਰਤੀ ਅਧੀਨ ਕੰਮ ਕਰ ਰਹੇ ਕਰਮਚਾਰੀਆਂ ਦੀ ਪਰਖ ਕਾਲ ਸਮੇਂ ਦੋਰਾਨ ਪੂਰੀ ਤਨਖਾਹ ਦੇਣ ਸਬੰਧੀ ਹੁਕਮ ਜਾਰੀ ਕੀਤੇ ਗਏ ਹਨ ।

2.0 ਇਸ ਸਬੰਧੀ ਸਮੂਹ ਐਸ.ਏ.ਐਸ ਅਧਿਕਾਰੀਆਂ (ਜਿਲ੍ਹਾ ਸਿੱਖਿਆ ਦਫਤਰਾਂ (ਸੈਸਿ) ਵਿਖੇ ਤਾਇਨਾਤ ) ਵੱਲੋਂ ਪ੍ਰਾਪਤ ਪ੍ਰਤੀਬੇਨਤੀ ਮਿਤੀ 01-08-2025 ਅਨੁਸਾਰ 5178 ਭਰਤੀ ਦੇ ਕਰਮਚਾਰੀਆਂ ਦੀ ਬਿਲਾਂ ਦੀ ਅਦਾਇਗੀ ਨੂੰ ਵੈਟ ਕਰਨ ਦੀ ਛੋਟ ਸਬੰਧੀ ਲਿਖਿਆ ਹੈ।

3.0 ਉਪਰੋਕਤ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਆਪ ਵੱਲੋਂ ਸਮੂਹ ਡੀ.ਡੀ.ਓ ਨੂੰ ਹਦਾਇਤ ਕੀਤੀ ਜਾਵੇ ਕਿ ਆਪਣੇ – ਆਪਣੇ ਜਿਲ੍ਹੇ ਨਾਲ ਸਬੰਧਤ ਪਟੀਸ਼ਨਰ ਦੀ ਪੇਅ ਫਿਕਸ਼ੇਸਨ ਕਰਨ ਸਬੰਧੀ ਕਾਰਵਾਈ ਸਮੇਂ ਸਿਰ ਮੁਕੰਮਲ ਕੀਤੀ ਜਾਵੇ ਅਤੇ ਜਿਨ੍ਹਾਂ ਜਿਲ੍ਹਿਆਂ ਵਿੱਚ ਐਸ.ਏ.ਐਸ ਕਾਡਰ ਦੇ ਅਧਿਕਾਰੀ ਤਾਇਨਾਤ ਨਹੀਂ ਹਨ ਉਨ੍ਹਾਂ ਵੱਲੋਂ ਹੇਠ ਲਿਖੇ ਅਨੁਸਾਰ ਪੇਅ ਫਿਕਸੇਸਨ ਸਬੰਧੀ CERTIFIED ਕੀਤਾ ਜਾਵੇ:-

It is certified that Prinicpal/Headmaster/Headmistress School Name------------ District------------ does not have sanctioned post of SAS Cadre officer or post lying vacant and therefore, the sanction cannot be vetted by the SAS Cadre officer, However, all checks as stipulated in the instructions issued by the Department of Finance, from time to time been taken care of while preparing the bill.

4.0 ਉਪਰੋਕਤ ਸਬੰਧੀ ਸਪਸ਼ਟ ਕੀਤਾ ਜਾਂਦਾ ਹੈ ਸਿਵਲ ਰਿੱਟ ਪਟੀਸ਼ਨ ਨੰਬਰ 14307 ਆਫ 2020 ਅਤੇ ਕਲੱਬ ਕੇਸਾਂ ਵਿੱਚ ਮਾਨਯੋਗ ਕੋਰਟ ਵੱਲੋਂ 5178 ਭਰਤੀ ਵਿੱਚ ਕੰਮ ਕਰ ਰਹੇ ਕਰਮਚਾਰੀਆਂ /ਪਟੀਸ਼ਨਰਜ਼ ਨੂੰ ਬਕਾਏ ਦੀ ਅਦਾਇਗੀ ਲਈ ਮਿਤੀ 30-07-2025 ਨੂੰ ਕੀਤੇ ਗਏ ਹੁਕਮਾਂ ਅਨੁਸਾਰ 4 ਮਹੀਨੇ ਦਾ ਸਮਾਂ ਦਿੱਤਾ ਗਿਆ ਹੈ। ਜੇਕਰ ਉਕਤ ਹੁਕਮਾਂ ਸਬੰਧੀ ਸਮੇਂ ਤੇ ਕਾਰਵਾਈ ਨਾ ਕਰਨ ਕਰਕੇ ਮਾਨਯੋਗ ਕੋਰਟ ਵੱਲੋਂ ਭੱਵਿਖ ਵਿੱਚ ਕੋਈ ਅਡਵਰਸ ਹੁਕਮ ਜਾਰੀ ਕੀਤੇ ਜਾਂਦੇ ਹਨ ਜਾਂ ਕਿਸੇ ਕਿਸਮ ਦੀ ਕੋਸਟ ਪਾਈ ਜਾਂਦੀ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧੀ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਅਤੇ ਸਬੰਧਤ ਸਕੂਲ ਮੁੱਖੀ ਅਤੇ ਡੀ.ਡੀ.ਓ ਦੀ ਹੋਵੇਗੀ।

ਸਹਾਇਕ ਡਾਇਰੈਕਟਰ (ਅਮਲਾ-2 ਸਾਖਾ)

ਪਿੱਠ ਅੰਕਣ ਨੰਬਰ: ਉਕਤ

ਮਿਤੀ, ਐਸ.ਏ.ਐਸ ਨਗਰ:

ਉਪਰੋਕਤ ਦਾ ਉਤਾਰਾ ਡਿਪਟੀ ਕੰਟਰੋਲਰ (ਵਿ ਤੇ ਲੇ) , ਦਫਤਰ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਡਾਇਰੈਕਟਰ (ਅਮਲਾ-2 ਸਾਖਾ)

# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿੱਠ ਅੰਕਣ ਨੰ: ਅ-1/1( )2025/776 ਮਿਤੀ 12.08.2025

ਉਪਰੋਕਤ ਦਾ ਉਤਾਰਾ ਸਬੰਧਤ ਸਕੂਲ ਮੁੱਖੀਆ , ਜਿਲ੍ਹਾ ਬਠਿੰਡਾ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ